੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਅਖੰਡ ਕੀਰਤਨੀ ਜੱਥਾ

ਮੁੱਖ ਦਫ਼ਤਰ: ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰੱਸਟ (ਰਜਿ.), ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ, ਪੰਜਾਬ

ਮੁੱਖ ਸੇਵਾਦਾਰ: ਭਾਈ ਬਖ਼ਸ਼ੀਸ਼ ਸਿੰਘ

Ref. No.: AKJ/I/20811

ਮੰਗਲਵਾਰ, ੨੭ ਸਾਵਣ, ਨਾਨਕਸ਼ਾਹੀ ੫੫੨
Tuesday, August 11th, 2020

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

## ਅਗਿਆਨੀ ਇਕਬਾਲ ਸਿੰਘ ਪਟਨੇ ਵਾਲੇ ਨੂੰ ਪੰਥ 'ਚੋਂ ਸਮੇਂ ਸਿਰ ਨਾ ਛੇਕਣ ਕਾਰਨ ਅੱਜ ਪੰਥ ਨੂੰ ਝੱਲਣੀ ਪਈ ਹੈ ਨਿਮੋਝਣੀ।

ਅਖੰਡ ਕੀਰਤਨੀ ਜੱਥੇ ਵੱਲੋਂ ਪਿਛਲੇ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰਾਂ ਅਤੇ ਪੰਥ ਦੀ ਕਚਹਿਰੀ 'ਚ ਬਾਰ-ਬਾਰ ਸੁਚੇਤ ਕੀਤਾ ਗਿਆ ਸੀ ਕਿ ਅਗਿਆਨੀ ਇਕਬਾਲ ਸਿੰਘ ਦੀਆਂ ਗਤੀਵਿਧੀਆਂ ਪੰਥ ਵਿਰੋਧੀ ਹਨ। ਸਿੱਖੀ ਦੇ ਭੇਖ ਅੰਦਰ ਇਹ ਮਹੰਤਨੁਮਾ ਆਦਮੀ ਸਿੱਖੀ ਦੀਆਂ ਜੜ੍ਹਾਂ ਵੱਢ ਰਿਹਾ ਹੈ। ਪਿਛਲੇ ਸਾਲ ਹੀ ਪ੍ਰੈਸ ਨੋਟ ਜਾਰੀ ਕਰਕੇ ਇਸਨੂੰ ਪੰਥ 'ਚੋਂ ਛੇਕਣ ਲਈ ਬੇਨਤੀ ਵੀ ਕੀਤੀ ਗਈ ਸੀ। ਅਫ਼ਸੋਸ ਹੈ ਕਿ ਕੌਮ ਦੀ ਬਹੁਤਾਂਤ ਗਿਣਤੀ ਸਿੱਖੀ ਦੀ ਕਮਾਈ ਤੋਂ ਦੂਰ ਹੋਣ ਕਰਕੇ ਇਹ ਪਛਾਣ ਹੀ ਨਹੀਂ ਕਰ ਸਕਦੀ ਕਿ ਕੌਮ ਪ੍ਰਸਤ ਕੌਣ ਹੈ ਅਤੇ ਦੋਖੀ ਕੌਣ। ਪਿਛਲੀ ਦਿਨੀਂ 5 ਅਗਸਤ ਨੂੰ ਵਿਵਾਦਿਤ ਰਾਮ ਮੰਦਰ ਦੀ ਉਸਾਰੀ 'ਤੇ ਜਾ ਕੇ ਸਿੱਖਾਂ ਨੂੰ ਰਾਮ ਚੰਦਰ ਦੀ ਵੰਸ਼ਜ਼ ਦੱਸਣਾ ਵਾਲਾ ਬੰਦਾ ਆਨਮਤੀ ਤੋਂ ਇਲਾਵਾ ਹੋਰ ਕੌਣ ਹੋ ਸਕਦਾ ਹੈ ? ਅਜੇ ਵੀ ਸਮਾਂ ਹੈ ਕਿ ਇਸ ਭੇਖੀ ਨੂੰ ਕੌਮ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ ਨਹੀਂ ਤਾਂ ਹੋਰ ਵੀ ਗੰਭੀਰ ਸਿੱਟੇ ਭੁਗਤਣੇ ਪੈਣਗੇ।

ਅਗਿਆਨੀ ਇਕਬਾਲ ਸਿੰਘ ਵੱਲੋਂ ਗੁਰੂ ਘਰ ਨੂੰ ਬਦਨਾਮ ਕਰਨ ਦੀਆਂ ਕਰਤੂਤਾਂ ਦੀ ਸੂਚੀ ਤਾਂ ਲੰਬੀ ਹੈ ਪਰ ਕੌਮ ਦੀ ਯਾਦਾਸ਼ਤ ਤਾਜ਼ਾ ਕਰਨ ਲਈ ਕੁਝ ਇੱਕ ਦਾ ਵਰਨਣ ਕੀਤਾ ਜਾਂਦਾ ਹੈ।

1) ਸਿੱਖ ਵਿਰੋਧੀ ਜਮਾਤ ਆਰ. ਐੱਸ. ਐੱਸ. ਦੇ ਖਿਲਾਫ਼ ਜੱਥੇਦਾਰਾਂ ਵੱਲੋਂ ਜਾਰੀ ਸੰਦੇਸ਼ 'ਤੇ ਸਹੀ ਪਾ ਕੇ ਮੁੜ ਇਸੇ ਦੀ ਉਲੰਘਣਾ ਕਰਕੇ ਆਰ. ਐੱਸ. ਐੱਸ. ਨਾਲ ਮਿਲਵਰਤਨ ਕਰਨਾ। ਵੇਖਿਆ ਜਾਏ ਤਾਂ ਕੇਵਲ ਇਸੇ ਉਲੰਘਣਾ ਕਰਕੇ ਹੀ ਤਨਖਾਹ ਦਾ ਭਾਗੀਦਾਰ ਹੈ ਅਤੇ ਕੌਮ ਦਾ ਦੇਣਦਾਰ ਹੈ।
2) ਇੱਕ ਤੋਂ ਵੱਧ ਇਸਤਰੀਆਂ ਨਾਲ ਸਰੀਰਕ ਸੰਬੰਧ ਰੱਖਣ ਕਰਕੇ ਬੱਜਰ ਕੁਰਹਿਤੀਆ ਹੈ ਅਤੇ ਪੰਥ 'ਚੋ ਛੇਕੇ ਜਾਣਾ ਚਾਹੀਦਾ ਸੀ।
3) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵ ਉੱਚਤਾ ਨੂੰ ਆਪਣੇ ਸੇਵਾ ਕਾਲ 'ਚ ਚੁਣੌਤੀਆਂ ਦੇ ਕੇ ਹੁਕਮਨਾਮੇ ਜਾਰੀ ਕਰਨਾ।
4) ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਮੇਤ ਹੋਰਨਾ ਪੰਥਕ ਸ਼ਖਸ਼ੀਅਤਾਂ ਅਤੇ ਸ਼ਹੀਦਾਂ ਨੂੰ ਇਸ ਅਗਿਆਨੀ ਵੱਲੋਂ ਮਹਾਂ ਪਾਪੀ ਆਖਿਆ ਜਾਣਾ।
5) ਪੰਜਾਂ ਪਿਆਰਿਆਂ ਦੀ ਹਦਾਇਤ ਮੁਤਾਬਿਕ ਕਿਸੇ ਵੀ ਸਿੱਖ ਨੂੰ ਗੋਰ, ਮੜ੍ਹੀ, ਮੱਟ, ਬੁੱਤ ਪੂਜਾ ਕਰਨ ਦੀ ਸਖ਼ਤ ਮਨਾਹੀ ਹੈ। ਪਰ ਇਹ ਉਲੰਘਣਾ ਕਰਕੇ ਮੂਰਤੀ ਉਸਾਰੀ ਲਈ ਭੂਮੀ ਪੂਜਾ 'ਚ ਸ਼ਾਮਿਲ ਹੋਇਆ।
6) ਅੱਜ ਦੇ ਸਮੇਂ ਵੀ ਸਿੱਖ ਪੰਥ ਵੱਲੋਂ ਸਖ਼ਤੀ ਨਾਲ ਲਏ ਫੈਸਲੇ ਕਿ ਕੋਈ ਸਿੱਖ ਵਿਵਾਦਿਤ ਰਾਮ ਮੰਦਰ ਦੀ ਉਸਾਰੀ ਤੇ ਨਾ ਜਾਏ ਨੂੰ ਇਸਨੇ ਨਕਾਰਿਆ।

7) ਕਿਸੇ ਵੀ ਤਖ਼ਤ ਦਾ ਜੱਥੇਦਾਰ ਨਾ ਹੁੰਦੇ ਹੋਏ ਵੀ ਇਹ ਕਹਿਣਾ ਕਿ ਮੈਨੂੰ ਜੱਥੇਦਾਰ ਪਟਨਾ ਸਾਹਿਬ ਕਰਕੇ ਸੱਦਾ ਪੱਤਰ ਆਇਆ ਸੀ, ਜਿਸ ਕਰਕੇ ਇਹ ਗਿਆ ਸੀ। ਇਸਦੇ ਫਰੇਬੀ ਹੋਣ ਦਾ ਪੱਕਾ ਸਬੂਤ ਹੈ।
8) ਸਿੱਖ ਪੰਥ ਨੂੰ ਰਾਮ ਚੰਦਰ ਦੀ ਵੰਸ਼ ਕਹਿ ਕੇ ਇਹ ਕਹਿਣਾ ਕਿ ਇਸ-ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਲਿਖਿਆ ਹੈ ਇਹ ਗੁਰੂ ਸਾਹਿਬ ਜੀ ਦੀ ਘੋਰ ਨਿੰਦਾ ਹੈ। ਸ੍ਰੀ ਦਸਮ ਗ੍ਰੰਥ ਵਿਚਲੀਆਂ ਗੁਰੂ ਸਾਹਿਬ ਜੀ ਦੀਆ ਸ੍ਰੀ ਮੁੱਖਵਾਕ ਬਾਣੀਆਂ ਅਤੇ ਹੋਰਨਾ ਇਤਿਹਾਸਕ ਰਚਨਾਵਾਂ 'ਚ ਗੁਰੂ ਸਾਹਿਬ ਨੇ ਕਿਤੇ ਨਹੀਂ ਲਿਖਿਆ ਕਿ ਸਿੱਖ ਰਾਮ ਚੰਦਰ ਦੀ ਵੰਸ਼ ਹਨ। ਲਵ ਕੁਸ਼ ਦਾ ਨਾਂਅ ਅਯੋਗ ਵਰਤ ਕੇ ਇਹ ਗੁਰੂ ਨਿੰਦਕ ਹੀ ਬਣਦਾ ਹੈ। ਸਿੱਖ ਕਿਸੇ ਰਾਜੇ ਰਾਮ ਚੰਦਰ ਦੀ ਵੰਸ਼ ਨਹੀਂ ਹਨ।

ਇਹ ਸਾਰਾ ਕੁੱਛ ਗਿਣੀ ਮਿਥੀ ਸਾਜ਼ਿਸ਼ ਅਧੀਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤੌਹੀਨ ਕਰਨ ਲਈ ਹੋ ਰਿਹਾ ਹੈ। ਜਾਣ ਬੁਝ ਕੇ ਗੁਰਮਤਿ ਨੂੰ ਆਨਮਤ 'ਚ ਖਲਤ-ਮਲਤ ਕੀਤਾ ਜਾ ਰਿਹਾ ਹੈ। ਵਿਦਿਤ ਰਹੇ ਕਿ ਆਪ ਨਰਾਇਣ (ਪਰਮਾਤਮਾ) ਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੂਪ ਅੰਦਰ ਇਸ ਜਗਤ ਵਿਖੇ ਪ੍ਰਗਟ ਹੋਏ। ਜਨੇਊ ਪਾਉਣ ਤੋਂ ਕੋਰਾ ਇਨਕਾਰ ਕਰਕੇ, ਬੇਦੀ ਕੁੱਲ ਦੀ ਛਾਪ ਤਿਆਗ ਕੇ ਅਕਾਲ ਪੁਰਖ ਦੇ ਹੁਕਮ ਅੰਦਰ ਨਾਮ ਜਪਾਉਣ ਲਈ ਨਿਰਮਲ ਪੰਥ ਜਿਸਨੂੰ ਤੀਸਰ ਪੰਥ, ਸਿੱਖ ਪੰਥ, ਖ਼ਾਲਸਾ ਪੰਥ ਵੀ ਆਖਿਆ ਜਾਂਦਾ ਹੈ ਦਾ ਆਗਾਜ਼ ਕੀਤਾ।

ਸੋ, ਖ਼ਾਲਸਾ ਜੀ ਜਾਗੋ। ਗੁਰੂ ਪੰਥ ਦੀ ਪਿੱਠ 'ਚ ਛੁਰਾ ਮਾਰਨ ਵਾਲਾ, ਪਤਿਤ ਕਰਮੀ, ਗੁਰੂ ਨਿੰਦਕ, ਆਨਮਤੀ ਬੰਦਾ ਜਿਸਦਾ ਪਾਜ਼ ਜੱਗ ਜ਼ਾਹਿਰ ਹੋ ਚੁੱਕਾ ਹੈ, ਜੇ ਅਜੇ ਵੀ ਤੁਹਾਨੂੰ ਸਿੱਖ ਜਾਪਦਾ ਹੈ ਤਾਂ ਮੁਆਫ਼ ਕਰਨਾ ਪਾਪ ਕਰਮ ਤੋਂ ਤੁਸੀਂ ਵੀ ਨਹੀਂ ਬਚੋਂਗੇ। ਬਾਦਲਾਂ ਨੇ ਇਸ ਤਰ੍ਹਾਂ ਦੇ ਕੱਚੇ ਪਿੱਲੇ ਜੱਥੇਦਾਰ ਬਣਾ ਕੇ ਕੌਮ ਨੂੰ ਜੋ ਢਾਹ ਲਾਈ ਹੈ ਉਹ ਸਿੱਖ ਇਤਿਹਾਸ ਨੂੰ ਕਲੰਕਿਤ ਕਰ ਰਹੀ ਹੈ। ਭਾਵੇਂ ਕਿ ਸਰਬੱਤ ਖ਼ਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁੱਖ ਸੇਵਾ ਕੁਰਬਾਨੀ ਵਾਲੇ ਸਿੰਘ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਸੌਂਪੀ ਗਈ ਹੈ। ਪਰ ਉਹ ਇਸ ਵਖ਼ਤ ਜਰਵਾਣੇ ਦੀ ਜੇਲ੍ਹ ਅੰਦਰ ਹੋਣ ਕਰਕੇ ਉਨ੍ਹਾਂ ਵਾਸਤੇ ਇਸ-ਤਰ੍ਹਾਂ ਦਾ ਕੌਮੀ ਫੈਸਲਾ ਲੈਣ ਲਈ ਕਈ ਤਰ੍ਹਾਂ ਅੜਚਨਾਂ ਹਨ। ਇਸ ਕਰਕੇ ਸਰਬੱਤ ਖ਼ਾਲਸਾ ਦੇ ਕਾਰਜਕਾਰੀ ਜੱਥੇਦਾਰ ਜਾਂ ਸ਼੍ਰੋਮਣੀ ਕਮੇਟੀ ਵਾਲੋਂ ਲਾਏ ਹੋਏ ਜੱਥੇਦਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਅਗਿਆਨੀ ਇਕਬਾਲ ਸਿੰਘ ਨੂੰ ਫੌਰਨ ਕਾਰਵਾਈ ਕਰਕੇ ਪੰਥ 'ਚੋਂ ਬਾਹਰ ਕਰ ਦੇਣ। ਅਗਰ ਉਹ ਆਉਣ ਵਾਲੇ ਦਿਨਾਂ 'ਚ ਅਜਿਹਾ ਫੈਸਲਾ ਨਹੀਂ ਲੈਂਦੇ ਤਾਂ ਖ਼ਾਲਸਾ ਪੰਥ ਵੱਲੋਂ ਲਏ ਕਿਸੇ ਵੀ ਸਖ਼ਤ ਸਟੈਂਡ ਦੇ ਨਤੀਜੇ ਭੁਗਤਣ ਲਈ ਵੀ ਤਿਆਰ ਰਹਿਣ। ਗੁਰੂ ਸਾਹਿਬ ਜੀ ਬਹੁੜੀ ਕਰਨ, ਮਲੇਛਾਂ ਅਤੇ ਦੁਸ਼ਟਾਂ ਦੋਖੀਆਂ ਦਾ ਨਾਸ਼ ਕਰਨ ਲਈ ਸਹਾਈ ਹੋਵਣ।

ਗੁਰੂ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲੋਚਦੇ ਹੋਏ।

ਦਾਸਰੇ,

ਬਖ਼ਸ਼ੀਸ਼ ਸਿੰਘ

ਭਾਈ ਬਖ਼ਸ਼ੀਸ਼ ਸਿੰਘ (ਜੱਥੇਦਾਰ)
ਅਤੇ
੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ,
ਅਖੰਡ ਕੀਰਤਨੀ ਜੱਥਾ